# ਵੈਨਕੂਵਰ ਅਧਿਕਾਰਤ ਵਿਕਾਸ ਯੋਜਨਾ (ODP)

CITY OF VANCOUVER

## ਕੀ ਹੋ ਰਿਹਾ ਹੈ?

ਵੈਨਕੂਵਰ ਸਿਟੀ ਇੱਕ ਸ਼ਹਿਰ-ਵਿਆਪੀ ਨੀਤੀ, ਡ੍ਰਾਫਟ ਅਧਿਕਾਰਤ ਵਿਕਾਸ ਯੋਜਨਾ (Official Development Plan, ODP) 'ਤੇ ਜਨਤਕ ਫੀਡਬੈਕ ਮੰਗ ਰਹਿਾ ਹੈ, ਜਿਸ ਨੂੰ ਇਸ ਬਾਰੇ ਮਾਰਗਦਰਸ਼ਨ ਵਾਸਤੇ ਉਪ-ਕਾਨੂੰਨ ਦੁਆਰਾ ਅਪਣਾਇਆ ਜਾਵੇਗਾ ਕਿ ਅਗਲੇ 30 ਸਾਲਾਂ ਦੌਰਾਨ ਅਤੇ ਉਸ ਤੋਂ ਬਾਅਦ ਸਾਡਾ ਸ਼ਹਿਰ ਕਿਵੇਂ ਵੱਧਦਾ ਅਤੇ ਬਦਲਦਾ ਹੈ।

## ਯੋਜਨਾਬੰਦੀ ਪ੍ਰਕਿਰਿਆ

ਡ੍ਰਾਫਟ ਵੈਨਕੂਵਰ ODP ਵੈਨਕੂਵਰ ਪਲਾਨ 'ਤੇ ਅਧਾਰਿਤ ਹੈ, ਜੋ ਕਿ ਕਈ ਸਾਲਾਂ ਦੀ ਸ਼ਮੂਲੀਅਤ ਤੋਂ ਬਾਅਦ ਬਣਾਇਆ ਗਿਆ ਸੀ। ਵੈਨਕੂਵਰ ODP ਵੈਨਕੂਵਰ ਪਲਾਨ ਦੀ ਸਾਰੀ ਸਮੱਗਰੀ ਨੂੰ ਬਣਾਈ ਰੱਖਦਾ ਹੈ, ਅਤੇ ਨਵੇਂ ਵੇਰਵੇ ਸ਼ਾਮਲ ਕਰਦਾ ਹੈ, ਜਿਸ ਵਿੱਚ ਇੱਕ ਨਵਾਂ ਨਕਸ਼ਾ ਸ਼ਾਮਲ ਹੈ ਜੋ ਦਰਸਾਉਂਦਾ ਹੈ ਕਿ ਜ਼ਮੀਨ ਕਿਵੇਂ ਵਿਕਸਿਤ ਕੀਤੀ ਅਤੇ ਵਰਤੀ ਜਾ ਸਕਦੀ ਹੈ, ਨਾਲ ਹੀ ਸੂਬਾਈ ਕਾਨੂੰਨ ਅਧੀਨ ਲੋੜੀਂਦੀ ਨਵੀਂ ਸਮੱਗਰੀ ਵੀ ਸ਼ਾਮਲ ਹੈ।

**ਵੈਨਕੂਵਰ ਪਲਾਨ ਲਾਗੂਕਰਨ**
ਜੁਲਾਈ 2022 ਤੋਂ ਚੱਲ ਰਿਹਾ

**ਵੈਨਕੂਵਰ ODP ਵਿਕਾਸ**
ਜੁਲਾਈ 2024 ਤੋਂ 2025 ਦੇ ਅਖੀਰ ਤੱਕ

**ਜਨਤਕ ਸਮੀਖਿਆ ਲਈ ਵੈਨਕੂਵਰ ODP ਡ੍ਰਾਫਟ**
2025 ਦਾ ਅਖ਼ੀਰ ਵਿੱਚ
ਅਸੀਂ ਇੱਥੇ ਹਾਂ

**ਵੈਨਕੂਵਰ ODP ਨੂੰ ਅਪਣਾਉਣਾ**
2026 ਦੀ ਸ਼ੁਰੂਆਤ

ਸੱਜੇ ਪਾਸੇ ਦਾ ਚਿੱਤਰ ODP ਦੇ ਮੁੱਖ ਹਿੱਸਿਆਂ ਨੂੰ ਦਰਸਾਉਂਦਾ ਹੈ। ਹੇਠ ਦਿੱਤੇ ਚਿੰਨ੍ਹ ਦਰਸਾਉਂਦੇ ਹਨ ਕਿ ਵੈਨਕੂਵਰ ਪਲਾਨ ਤੋਂ ਬਾਅਦ ਨਵੀਂ ਸਮੱਗਰੀ ਕਿੱਥੇ ਜੋੜੀ ਗਈ ਹੈ ਜਾਂ ਸਿਰਲੇਖ ਕਿੱਥੇ ਬਦਲਿਆ ਹੈ।

★ ਨਵੀਂ ਸਮੱਗਰੀ
⊕ ਨਵਾਂ ਨਾਮ

## ODP ਦੇ ਮੁੱਖ ਹਿੱਸੇ

### ਦੂਰਦ੍ਰਿਸ਼ਟੀ

ਵੈਨਕੂਵਰ ਅਜਿਹਾ ਸ਼ਹਿਰ ਹੈ ਜੋ ਸਾਡੇ ਵਾਤਾਵਰਣ ਪ੍ਰਣਾਲੀਆਂ ਦੇ ਨਾਲ ਵਧੇਰੇ ਸੰਤੁਲਨ ਵਿੱਚ ਰਹਿੰਦਾ ਹੈ ਅਤੇ ਨਾਲ ਹੀ ਵਧੇਰੇ ਸੰਪੂਰਨ, ਸ਼ਮੂਲੀਅਤ ਵਾਲੇ ਅਤੇ ਲਚਕੀਲੇ ਆਂਢ-ਗੁਆਂਢ ਪ੍ਰਦਾਨ ਕਰਦਾ ਹੈ ਜਿੱਥੇ ਹਰ ਉਮਰ, ਆਮਦਨ, ਯੋਗਤਾਵਾਂ ਅਤੇ ਪਛਿਕੜ ਵਾਲੇ ਲੋਕ ਵੱਧਦੇ-ਫੁੱਲਦੇ ਹਨ।

### ਬੁਨਿਆਦੀ ਸਿਧਾਂਤ


ਸੁਲ੍ਹਾ-ਸਫ਼ਾਈ | ਬਰਾਬਰੀ | ਲਚੀਲਾਪਣ

### ਵੱਡੇ ਵਿਚਾਰ


- ਨਿਰਪੱਖ ਰਿਹਾਇਸ਼ ਅਤੇ ਮੁਕੰਮਲ ਆਂਢ-ਗੁਆਂਢ
- ਜਲਵਾਯੂ ਸੁਰੱਖਿਆ ਅਤੇ ਮੁੜ-ਬਹਾਲ ਕੀਤੀ ਵਾਤਾਵਰਣ ਪ੍ਰਣਾਲੀ
- ਅਜਿਹੀ ਅਰਥ-ਵਿਵਸਥਾ ਹੋਵੇ ਜੋ ਸਾਰਿਆਂ ਲਈ ਲਾਹੇਵੰਦ ਹੈ

### ਭਵੱਖ ਦਾ ਵਿਕਾਸ ★

50-100 ਸਾਲ | 20-30 ਸਾਲ



ਸ਼ਹਿਰੀ ਢਾਂਚਾ ਰਣਨੀਤੀ ★




ਸਧਾਰਨੀਕ੍ਰਿਤ ਜ਼ਮੀਨ ਦੀ ਵਰਤੋਂ ਸ਼੍ਰੇਣੀਆਂ ⊕

### ਨੀਤੀ ਖੇਤਰ

- ਰਿਹਾਇਸ਼
- ਅਰਥ-ਵਿਵਸਥਾ
- ਜਲਵਾਯੂ
- ⊕ ਵਾਤਾਵਰਣ ਸੰਬੰਧੀ
- ਆਵਾਜਾਈ
- ਬਾਲ-ਦੇਖਭਾਲ
- ⊕ ਭਾਈਚਾਰਕ ਬੁਨਿਆਦੀ ਢਾਂਚਾ
- ਕਲਾ, ਸੱਭਿਆਚਾਰ ਅਤੇ ਵਿਰਾਸਤ
- ⊕ ਪਾਰਕ ਅਤੇ ਜਨਤਕ ਥਾਂ ★
- ⊕ ਉਪਭੋਗਤਾਵਾਂ ★
- ਭੋਜਨ ਪ੍ਰਣਾਲੀਆਂ
- ⊕ ਖਤਰਨਾਕ ਜ਼ਮੀਨਾਂ ਅਤੇ ਜੋਖਮ ਘਟਾਉਣਾ

### ਲਾਗੂਕਰਨ

## ਹਰੇਕ ਹਿੱਸੇ ਦੇ ਵਰਣਨ

2050 ਅਤੇ ਉਸ ਤੋਂ ਬਾਅਦ ਵੱਲ ਦੇਖਦੇ ਹੋਏ, ਵਿਜ਼ਨ ਬਿਆਨ ਵੈਨਕੂਵਰ ਦੇ ਭਵੱਖ ਲਈ ਇੱਕ ਏਕੀਕ੍ਰਿਤ ਦੂਰਦ੍ਰਿਸ਼ਟੀ ਨੂੰ ਦਰਸਾਉਂਦਾ ਹੈ।

ਤਿੰਨ ਬੁਨਿਆਦੀ ਸਿਧਾਂਤ ਵੈਨਕੂਵਰ ਪਲਾਨ ਦੇ ਕੇਂਦਰ ਵਿੱਚ ਸਨ ਅਤੇ ਭਵੱਖ ਦੇ ODP ਵਿੱਚ ਜਾਰੀ ਰਹਿਣਗੇ। ਉਹ ਪੂਰੇ ODP ਵਿੱਚ ਬੁਣੇ ਹੋਏ ਹਨ ਅਤੇ ਪ੍ਰਵਾਨਿਤ ਕੌਂਸਲ ਨਿਰਦੇਸ਼ ਨੂੰ ਅੱਗੇ ਵਧਾਉਂਦੇ ਹਨ।

ਵੈਨਕੂਵਰ ਪਲਾਨ ਦੇ ਤਿੰਨ ਵੱਡੇ ਵਿਚਾਰ ਭਾਈਚਾਰਕ ਤਰਜੀਹਾਂ ਨੂੰ ਦਰਸਾਉਣ ਲਈ ਵੈਨਕੂਵਰ ਨੂੰ ਵਧਾਉਣ ਅਤੇ ਬਦਲਣ ਦੇ ਉਤਸ਼ਾਹੀ ਤਰੀਕੇ ਹਨ। ਇਹ ਜ਼ਮੀਨ ਦੀ ਵਰਤੋਂ ਅਤੇ ਸ਼ਹਿਰ-ਨਿਰਮਾਣ 'ਤੇ ਨਿਰਦੇਸ਼ ਅਤੇ ਨੀਤੀਆਂ ਲਈ ਮਾਰਗਦਰਸ਼ਕ ਹਨ।

ਭਵੱਖੀ ਵਿਕਾਸ ਚੈਪਟਰ (ਪਹਿਲਾਂ "ਜ਼ਮੀਨ ਦੀ ਵਰਤੋਂ ਦੀ ਰਣਨੀਤੀ") ਯੋਜਨਾ ਦੇ ਵੱਡੇ ਵਿਚਾਰਾਂ ਨੂੰ ਪ੍ਰਾਪਤ ਕਰਨ ਲਈ ਲੰਬੀ-ਸੀਮਾ ਦੀ ਜ਼ਮੀਨ ਦੀ ਵਰਤੋਂ ਬਾਰੇ ਦੂਰਦ੍ਰਿਸ਼ਟੀ ਪੇਸ਼ ਕਰਦਾ ਹੈ।

- ਸ਼ਹਿਰੀ ਢਾਂਚਾ ਰਣਨੀਤੀ ਆਉਣ ਵਾਲੇ ਦਹਾਕਿਆਂ ਵਿੱਚ ਖੇਤਰ ਦੀ ਯੋਜਨਾਬੰਦੀ ਅਤੇ ਨੀਤੀ ਦੀ ਅਗਵਾਈ ਕਰੇਗੀ।
- ਸਧਾਰਨੀਕ੍ਰਿਤ ਜ਼ਮੀਨ ਦੀ ਵਰਤੋਂ ਸ਼੍ਰੇਣੀਆਂ ਵਿੱਚ ਪਾਰਸਲ-ਅਧਾਰਤ ਨਕਸ਼ਾ ਸ਼ਾਮਲ ਹੈ ਜੋ ਮੌਜੂਦਾ ਵਿਕਾਸ ਦੀਆਂ ਸੰਭਾਵਨਾ ਨੂੰ ਦਰਸਾਉਂਦਾ ਹੈ।

ਨੀਤੀ ਖੇਤਰ ਸਮੁੱਚੀ ਜ਼ਮੀਨ ਦੀ ਵਰਤੋਂ ਦੀ ਦੂਰਦ੍ਰਿਸ਼ਟੀ ਨੂੰ ਆਧਾਰ ਬਣਾਉਂਦੇ ਹਨ ਅਤੇ ਸ਼ਹਿਰ-ਨਿਰਮਾਣ ਦੇ ਮੁੱਖ ਵਿਸ਼ਿਆਂ ਨੂੰ ਕਵਰ ਕਰਦੇ ਹਨ। ਹਰੇਕ ਨੀਤੀ ਖੇਤਰ ਵਿੱਚ ਨਿਰਦੇਸ਼ਾਂ ਨੂੰ ਸਾਕਾਰ ਕਰਨ ਵਿੱਚ ਮਦਦ ਕਰਨ ਲਈ ਦੂਰਦ੍ਰਿਸ਼ਟੀ ਬਿਆਨ, ਮੁੱਖ ਦਿਸ਼ਾਵਾਂ ਅਤੇ ਨੀਤੀਆਂ ਸ਼ਾਮਲ ਹਨ।

ਲਾਗੂਕਰਨ ਚੈਪਟਰ ਦੱਸਦਾ ਹੈ ਕਿ ਸਮੇਂ ਦੇ ਨਾਲ ODP ਨੂੰ ਕਿਵੇਂ ਸਾਕਾਰ ਕੀਤਾ ਜਾਵੇਗਾ।

## shapeyourcity.ca/odp ‘ਤੇ ਪੂਰੀ ਡ੍ਰਾਫਟ ODP ਪੜ੍ਹੋ

### ਨਵਾਂ ਕੀ ਹੈ?

- **ਭਵੱਖਿ ਦਾ ਵਕਿਾਸ:** ਵੈਨਕੂਵਰ ਪਲਾਨ ਦੇ ਪਹਲਿਾਂ “ਜ਼ਮੀਨ ਦੀ ਵਰਤੋਂ ਦੀ ਰਣਨੀਤੀ” ਚੈਪਟਰ ਵੱਚਿ ਹੁਣ ਦੋ ਮੁੱਖ ਭਾਗ ਸ਼ਾਮਲ ਹਨ: ਸ਼ਹਰਿੀ ਢਾਂਚਾ ਰਣਨੀਤੀ ਅਤੇ ਨਵੀਂ ਪਾਰਸਲ-ਅਧਾਰਤ ਸਧਾਰਨੀਕ੍ਰਤਿ ਜ਼ਮੀਨ ਦੀ ਵਰਤੋਂ (GLU) ਸ਼੍ਰੇਣੀਆਂ
- **ਵਾਤਾਵਰਣ ਸੰਬੰਧੀ:** ਵਾਤਾਵਰਣ ਪੱਖੋਂ ਸੰਵੇਦਨਸ਼ੀਲ ਖੇਤਰਾਂ ਲਈ ਨਵੀਂ ਮੈਪਿੰਗ ਅਤੇ ਨੀਤੀ ਅਤੇ ਇੱਕ ਅੱਪਡੇਟ ਕੀਤਾ ਗਆਿ “ਵਾਤਾਵਰਣ ਸੰਬੰਧੀ ਨੈੱਟਵਰਕ ਦੂਰਦ੍ਰਸ਼ਿਟੀ ਨਕਸ਼ਾ”
- **ਭਾਈਚਾਰਕ ਬੁਨਆਿਦੀ ਢਾਂਚਾ:** ਪਬਲਕਿ ਸਕੂਲਾਂ, ਕੈਂਪਸ ਸੰਸਥਾਵਾਂ (ਜਵਿੇਂ ਕ,ਿ ਕਾਲਜ ਅਤੇ ਹਸਪਤਾਲ), ਅਤੇ ਭਾਈਚਾਰੇ ਨੂੰ ਸੇਵਾ ਦੇਣ ਵਾਲੇ ਸੰਸਥਾਗਤ ਉਪਯੋਗਾਂ ਲਈ ਨਵੇਂ ਨਰਿਦੇਸ਼ ਅਤੇ ਨੀਤੀਆਂ
- **ਪਾਰਕ ਅਤੇ ਜਨਤਕ ਥਾਵਾਂ:** ਸ਼ਹਰਿ ਦੀਆਂ ਭਵੱਖਿ ਦੀਆਂ ਪਾਰਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਵੇਂ ਨਕਸ਼ੇ ਅਤੇ ਨੀਤੀਆਂ
- **ਉਪਯੋਗਤਾਵਾਂ:** ਪਾਣੀ ਦੀ ਵੰਡ, ਸੀਵਰੇਜ ਅਤੇ ਡ੍ਰੇਨੇਜ ਬੁਨਆਿਦੀ ਢਾਂਚੇ ਦੇ ਨਵੇਂ ਨਕਸ਼ੇ ਅਤੇ ਰਹੰਿਦ-ਖੂੰਹਦ ਦੇ ਪ੍ਰਬੰਧਨ ਅਤੇ ਇਸ ਨੂੰ ਘਟਾਉਣ, ਅਤੇ ਊਰਜਾ ਅਤੇ ਸੰਚਾਰ ਲਈ ਨਵਾਂ ਨਰਿਦੇਸ਼ ਅਤੇ ਨੀਤੀ
- **ਖ਼ਤਰਨਾਕ ਜ਼ਮੀਨਾਂ:** ਨੀਤੀਆਂ ਅਤੇ ਨਕਸ਼ਆਿਂ ਦੇ ਨਾਲ ਨਵਾਂ ਚੈਪਟਰ ਜੋ ਹੜ੍ਹਾਂ, ਅਤਿ ਦੀ ਗਰਮੀ ਅਤੇ ਭੂਚਾਲਾਂ ਦੇ ਪ੍ਰਭਾਵਾਂ ਲਈ ਕਮਜ਼ੋਰ ਖੇਤਰਾਂ ਨੂੰ ਦਰਸਾਉਂਦੇ ਹਨ
- **ਲਾਗੂਕਰਨ:** ਨਵੀਆਂ ਪ੍ਰਕਰਿਆਿਵਾਂ ਨੂੰ ਦਰਸਾਉਣ ਲਈ ਅੱਪਡੇਟ


### ODP ਨੂੰ ਕਵਿੇਂ ਵਰਤਆਿ ਜਾਵੇਗਾ?

ਇੱਕ ਵਾਰ ਉਪ-ਕਾਨੂੰਨ ਦੁਆਰਾ ਅਪਣਾਏ ਜਾਣ ਤੋਂ ਬਾਅਦ, ODP ਨੂੰ ਨੀਤੀ ਵਕਿਾਸ ਅਤੇ ਜ਼ਮੀਨ ਦੀ ਵਰਤੋਂ ਦੇ ਫੈਸਲਆਿਂ, ਜਵਿੇਂ ਕ ਿਮੁੜ-ਜ਼ੋਨੰਿਗਾਂ, ਦਾ ਮਾਰਗਦਰਸ਼ਨ ਕਰਨ ਲਈ ਵਰਤਆਿ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕ ਿਸ਼ਹਰਿ ODP ਦੀ ਦੂਰਦ੍ਰਸ਼ਿਟੀ ਦੇ ਅਨੁਕੂਲ ਤਰੀਕਆਿਂ ਨਾਲ ਵਕਿਸਤ ਹੋਵੇ।

## ਸਧਾਰਨੀਕ੍ਰਤਿ ਜ਼ਮੀਨ ਦੀ ਵਰਤੋਂ (GLU) ਸ਼੍ਰੇਣੀਆਂ

### GLU ਸ਼੍ਰੇਣੀ ਕੀ ਹੈ?

- GLU ਸ਼੍ਰੇਣੀਆਂ ਦਰਸਾਉਂਦੀਆਂ ਹਨ ਕ ਿਮੌਜੂਦਾ ਨੀਤੀ ਅਤੇ ਵਨਿਯਿਮਾਂ ਦੇ ਤਹਤਿ ਜ਼ਮੀਨ ਦੇ ਵੱਖ-ਵੱਖ ਪਾਰਸਲਾਂ ‘ਤੇ ਕਹਿੜੇ ਉਪਯੋਗਾਂ ਅਤੇ ਕਸਿ ਕਸਿਮ ਦੇ ਵਕਿਾਸ ਦੀ ਇਜਾਜ਼ਤ ਹੈ। GLU
- GLU ਨਕਸ਼ਾ ਦਰਸਾਉਂਦਾ ਹੈ ਕ ਿGLU ਸ਼੍ਰੇਣੀਆਂ ਸ਼ਹਰਿ ਵੱਚਿ ਕਵਿੇਂ ਫੈਲੀਆਂ ਹੋਈਆਂ ਹਨ।
- GLU ਸ਼੍ਰੇਣੀਆਂ ਵਕਿਾਸ ਦੇ ਅਧਕਿਾਰ ਜਾਂ ਹੱਕਦਾਰੀਆਂ ਨਹੀਂ ਬਣਾਉਂਦੀਆਂ ਹਨ।
- ਰੇ ਪਾਰਸਲ ਸ਼੍ਰੇਣੀਆਂ ਵੱਚਿ ਦੱਸੇ ਗਏ ਵੱਧ ਤੋਂ ਵੱਧ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਣਗੇ।




**GLU ਨਕਸ਼ੇ ਦੀ ਪੜਚੋਲ ਕਰੋ**

### GLU ਨਕਸ਼ਾ ਮਹੱਤਵਪੂਰਨ ਕਉਿਂ ਹੈ?

ਨਵੇਂ ਸੂਬਾਈ ਕਾਨੂੰਨ (ਬੱਲਿ 18) ਦੇ ਤਹਤਿ ਵੈਨਕੂਵਰ ਸ਼ਹਰਿ ਨੂੰ ਮੁੜ-ਜ਼ੋਨੰਿਗ ਦੀਆਂ ਅਜਹਿੀਆਂ ਅਰਜ਼ੀਆਂ ਲਈ ਜਨਤਕ ਸੁਣਵਾਈਆਂ ਕਰਨ ਦੀ ਆਗਆਿ ਨਹੀਂ ਹੈ ਜਨ੍ਹਿਾਂ ਵੱਚਿ 50% ਤੋਂ ਵੱਧ ਰਹਿਾਇਸ਼ੀ ਫਲੋਰ ਸਪੇਸ ਹੈ ਅਤੇ ODP ਦੇ ਅਨੁਕੂਲ ਹਨ। GLU ਸ਼੍ਰੇਣੀ ਇਹ ਮੁਲਾਂਕਣ ਕਰਨ ਦਾ ਇੱਕ ਮੁੱਖ ਤਰੀਕਾ ਹੋਵੇਗਾ ਕ ਿਕੀ ਕੋਈ ਅਰਜ਼ੀ ODP ਦੇ ਅਨੁਕੂਲ ਹੈ। GLU ਨਾਲ ਅਸੰਗਤ ਅਰਜ਼ੀਆਂ ਲਈ ODP ਸੋਧ ਦੀ ਲੋੜ ਹੋਵੇਗੀ।

# ਵੈਨਕੂਵਰ ਅਧਕਿਾਰਤ ਵਕਿਾਸ ਯੋਜਨਾ (ODP)



**ਹੋਰ ਜਾਣੋ:** shapeyourcity.ca/odp
- ਕਸਿੇ ਪ੍ਰੋਗਰਾਮ ਵੱਚਿ ਹਸਿਾ ਲਵੋ
- ਜਾਣਕਾਰੀ ਬੋਰਡ ਪੜ੍ਹੋ
- GLU ਨਕਸ਼ੇ ਦੀ ਪੜਚੋਲ ਕਰੋ
- ਅਕਸਰ ਪੁੱਛੇ ਜਾਂਦੇ ਸਵਾਲਾਂ ਦੀ ਸਮੀਖਆਿ ਕਰੋ
- ਆਪਣੀਆਂ ਟੱਪਿਣੀਆਂ ਸਾਂਝੀਆਂ ਕਰੋ

**ਸਾਡੇ ਨਾਲ ਸੰਪਰਕ ਕਰੋ:**
odp@vancouver.ca
3-1-1

CITY OF VANCOUVER